

# ਆਪਣੀ ਕਮਿਊਨਿਟੀ ਦੇ ਖੱਟੇ ਫਲਾਂ ਵਾਲੇ ਪੌਦਿਆਂ ਨੂੰ ਇੱਕ ਭਿਆਨਕ ਬਿਮਾਰੀ ਤੋਂ ਬਚਾਓ

ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਖੱਟੇ ਫਲਾਂ ਵਾਲੇ ਪੌਦਿਆਂ ਨੂੰ ਬਾਹ ਕਰਨ ਵਾਲੀ ਬਿਮਾਰੀ ਹੁਆਂਗਲੌਂਗਬਿੰਗ *(HUANGLONGBING)*, ਜਿਸਨੂੰ ਸਿਟਰਸ ਗ੍ਰੀਨਿੰਗ ਰੋਗ ਜਾਂ ਯੈਲੋ ਡ੍ਰੈਗਨ ਰੋਗ ਵੀ ਕਹਿੰਦੇ ਹਨ, ਪਾਈ ਗਈ ਹੈ।

ਖੱਟੇ ਫਲਾਂ ਵਾਲੇ ਪੌਦਿਆਂ ਦੀਆਂ ਸਾਰੀਆਂ ਕਿਸਮਾਂ – ਮੈਂਡਾਰੀਨ, ਸੰਤਰਾ, ਟੈਂਜਰੀਨ, ਕਮਕੁਆਟ, ਪਾਮੇਲੋ ਅਤੇ ਨਿੰਬੂ ਦੇ ਪੌਦਿਆਂ ਸਮੇਤ – ਖਤਰੇ ਵਿੱਚ ਹਨ। ਪ੍ਰਭਾਵਿਤ ਖੱਟੇ ਫਲਾਂ ਵਾਲੇ ਪੌਦੇ ਮਰ ਜਾਣਗੇ ਅਤੇ ਉਹਨਾਂ ਨੂੰ ਬਗੀਚੇ 'ਚੋਂ ਹਟਾਉਣਾ ਪਵੇਗਾ ਤਾਂ ਜੋ ਬਾਕੀ ਦੇ ਨੇੜੇ ਮੌਜੂਦ ਰੁੱਖ-ਬੂਟਿਆਂ ਨੂੰ ਬਚਾਇਆ ਜਾ ਸਕੇ।

Citrus Pest & Disease
Prevention Program

# SAVE YOUR COMMUNITY'S CITRUS



## ਸਹਿਯੋਗ ਦਿਓ

ਬਿਮਾਰੀ ਦਾ ਪਤਾ ਲਾਉਣ ਅਤੇ ਉਸਨੂੰ ਰੋਕਣ ਲਈ ਖੇਤੀ ਬਾੜੀ ਟੀਮਾਂ ਇਸ ਇਲਾਕੇ ਵਿੱਚ ਕੰਮ ਕਰ ਰਹੀਆਂ ਹਨ। ਕਿਰਪਾ ਕਰਕੇ ਉਹਨਾਂ ਨੂੰ ਆਪਣੀ ਪ੍ਰਾਪਰਟੀ ਵਿੱਚ ਆਉਣ ਦਿਓ।

## ਖੱਟੇ ਫਲਾਂ ਵਾਲੇ ਪੌਦਿਆਂ ਨੂੰ ਇੱਧਰ-ਉੱਧਰ ਨਾ ਲੈ ਜਾਓ

ਖੱਟੇ ਫਲਾਂ ਵਾਲੇ ਪੌਦਿਆਂ ਦੇ ਫਲ, ਪੌਦਿਆਂ ਦੀਆਂ ਕਟਾਈਆਂ ਜਾਂ ਬੂਟਿਆਂ ਨੂੰ ਟ੍ਰਾਂਸਪੋਰਟ ਨਾ ਕਰੋ ਕਿਉਂਕਿ ਇਸ ਤਰ੍ਹਾਂ ਤੁਸੀਂ ਬਿਮਾਰੀ ਨੂੰ ਫੈਲਾ ਸਕਦੇ ਹੋ। ਦੂਜੇ ਦੇਸ਼ਾਂ ਤੋਂ ਖੱਟੇ ਫਲਾਂ ਵਾਲੇ ਬੂਟੇ ਇੱਥੇ ਕਦੇ ਨਾ ਲਿਆਓ।

## ਆਪਣੇ ਰੁੱਖ ਨੂੰ ਹਟਾ ਦਿਓ

ਜੇ ਤੁਸੀਂ ਆਪਣੇ ਖੱਟੇ ਫਲਾਂ ਵਾਲੇ ਪੌਦੇ ਦੀ ਸੰਭਾਲ ਨਹੀਂ ਕਰ ਰਹੇ ਹੋ ਤਾਂ ਸਰਗਰਮ ਹੋ ਕੇ ਉਸ ਨੂੰ ਹਟਾ ਦਿਓ। ਘੱਟ ਪੌਦਿਆਂ ਦੇ ਹੋਣ ਨਾਲ ਬਿਮਾਰੀ ਨੂੰ ਫੈਲਣ ਦਾ ਘੱਟ ਮੌਕਾ ਮਿਲਦਾ ਹੈ

**CALIFORNIACITRUSTHREAT.ORG**
**800.491.1899**